13

# ਮਸੀਹ ਦੀ ਦੇਹ

ਕਲੀਸੀਆ ਦੇ ਚਿਤਰਣ ਲਈ ਪਵਿੱਤਰ ਲਿਖਤ ਵਿਚ ਆਤਮਾ ਦੀ ਪ੍ਰੇਰਣਾ ਨਾਲ ਕਈ ਸੰਕੇਤਾਂ ਦੀ ਵਰਤੋਂ ਕੀਤੀ ਗਈ ਹੈ। ਉਸ ਸੰਸਥਾਨ ਬਾਰੇ ਅਸੀਂ ਆਪਣੀ ਵਧੇਰੀ ਜਾਣਕਾਰੀ ਲਈ ਇਨ੍ਹਾਂ ਸੰਕੇਤਾਂ 'ਤੇ ਹੀ ਨਿਰਭਰ ਹਾਂ। ਇਨ੍ਹਾਂ ਦੇ ਬਗ਼ੈਰ ਅਸੀਂ ਲਚਾਰ ਜਿਹੇ ਲਗਦੇ ਹਾਂ। ਕਲੀਸੀਆ ਨੂੰ ਮਨੁੱਖੀ ਦੇਹ ਦੇ ਰੂਪ ਵਿਚ ਵਿਖਾਉਣ ਦੀ ਚੋਣ ਤੋਂ ਲਗਦਾ ਹੈ ਕਿ ਆਤਮਾ ਨੇ ਇਕ ਬਹੁਤ ਹੀ ਅਸਾਨ ਪਰ ਬਹੁਤ ਡੂੰਘੀ ਉਦਾਹਰਣ ਚੁਣੀ ਹੈ। ਇਸ ਤੁਲਨਾ ਨਾਲ ਤਿੰਨ ਜ਼ਬਰਦਸਤ ਸੱਚਾਈਆਂ ਪਤਾ ਲਗਦੀਆਂ ਹਨ।

## ਕਲੀਸੀਆ ਨਾਲ ਮਸੀਹ ਦਾ ਰਿਸ਼ਤਾ

ਕਲੀਸੀਆ ਨਾਲ ਰਿਸ਼ਤੇ ਵਿਚ ਮਸੀਹ ਇਹਦਾ ਸਿਰ ਹੈ। ਅਫ਼ਸੀਆਂ 1:22, 23 ਅਤੇ ਕੁਲੁੱਸੀਆਂ 1:18, 24 ਵਿਚ ਇਸ ਰੂਪਕ ਦੀ ਵਰਤੋਂ ਹੋਈ ਹੈ। ਇਹ ਆਇਤਾਂ ਨਾ ਸਿਰਫ਼ ਇਸ ਮੁੱਦੇ 'ਤੇ ਜ਼ੋਰ ਦਿੰਦੀਆਂ ਹਨ ਕਿ ਮਸੀਹ ਕਲੀਸੀਆ ਦਾ ਸਿਰ ਹੈ, ਸਗੋਂ ਪਹਿਲਾਂ ਵਾਲੀ ਆਇਤ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਹ ਸਿਰ ਕਦ ਬਣਿਆ: ਜੀ ਉੱਠਣ ਅਤੇ ਵਡਿਆਈ ਪਾਉਣ ਦੇ ਬਾਅਦ। ਜੇ ਜਿਵੇਂ, ਬਹੁਤ ਸਾਰੇ ਲੋਕ ਦਾਅਵਾ ਕਰਦੇ ਹਨ, ਕਲੀਸੀਆ ਮਸੀਹ ਦੀ ਮੌਤ ਤੋਂ ਪਹਿਲਾਂ ਸੀ, ਤਾਂ ਇਹ ਇਕ ਅਜਿਹੀ ਦੇਹ ਸੀ ਜਿਹਦਾ ਸਿਰ ਨਹੀਂ ਸੀ। ਯਕੀਨਨ ਹੀ, ਇਹ ਉਨ੍ਹਾਂ ਗ਼ਲਤ ਵਿਚਾਰਾਂ ਦਾ ਖੰਡਨ ਹੈ ਜਿਨ੍ਹਾਂ ਮੁਤਾਬਕ ਕਲੀਸੀਆ ਅਬਰਾਹਾਮ ਦੇ ਸਮੇਂ ਬਣੀ ਜਾਂ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਇਹਨੂੰ ਬਣਾਇਆ ਸੀ। ਇਹ ਆਇਤ ਸਿਖਾਉਂਦੀ ਹੈ ਕਿ ਮਸੀਹ ਆਪਣੇ ਜੀ ਉੱਠਣ ਦੇ ਬਾਅਦ ਹੀ ਕਲੀਸੀਆ ਦਾ ਸਿਰ ਬਣਿਆ ਅਤੇ ਇਸ ਵਿਚ ਚੰਗੀ ਤਰ੍ਹਾਂ ਵੇਖਣ ਤੇ ਸਾਨੂੰ ਪਤਾ ਲਗਦਾ ਹੈ ਕਿ ਇਹ ਉਹਦੇ ਜੀ ਉੱਠਣ ਤੋਂ ਪੰਜਾਹਵੇਂ ਦਿਨ ਭਾਵ ਪੈਂਟੀਕਾਸਟ ਵਾਲੇ ਦਿਨ ਬਣੀ ਸੀ (ਰਸੂਲਾਂ ਦੇ ਕੰਮ 2)। ਇਹੀ ਦਿਨ ਕਲੀਸੀਆ ਦਾ ਜਨਮ ਦਿਨ ਸੀ। ਉਸ ਦਿਨ ਤੋਂ ਮਸੀਹ ਆਪਣੀ ਇਸ ਦੇਹ ਤੇ ਹਕੂਮਤ ਕਰਨ ਲੱਗਾ ਸੀ।

ਮਸੀਹ ਦੇ ਸਿਰ ਹੋਣ ਅਤੇ ਹਾਕਮ ਅਤੇ ਰਾਜਾ ਹੋਣ ਦੀ ਗੱਲ ਤੋਂ ਅਖ਼ਤਿਆਰ ਅਤੇ ਪ੍ਰਬੰਧ ਦੀ ਧਾਰਨਾ ਬੜੇ ਹੀ ਵਧੀਆ ਤਰੀਕੇ ਨਾਲ ਸਮਝ ਆਉਂਦੀ ਹੈ। ਇਸ ਵਿਚ ਸੁਝਾਅ ਹੈ ਕਿ ਉਹਦੇ ਕੋਲ ਸਾਰਾ ਅਖ਼ਤਿਆਰ ਹੈ, ਜਿਵੇਂ ਉਹਨੇ ਮੱਤੀ 28:18 ਵਿਚ ਦਾਅਵਾ ਕੀਤਾ ਸੀ। ਸਿਰ ਹੋਣ ਕਰਕੇ ਉਹ ਕਲੀਸੀਆ 'ਤੇ ਹਕੂਮਤ ਕਰਦਾ ਹੈ। ਉਹਦੀ ਸਰਕਾਰ ਮੁਕੰਮਲ ਰਾਜਸ਼ਾਹੀ ਹੈ।

ਇਸ ਰਾਜਸ਼ਾਹੀ ਦੀ ਅਹਿਮ ਖ਼ੂਬੀ ਇਹਦੀ ਸੰਪੂਰਣਤਾ ਹੈ। ਕਲੀਸੀਆ ਦਾ ਸਿਰ ਬੁੱਧ ਅਤੇ ਪਿਆਰ ਵਿਚ ਸਿੱਧ ਹੈ ਭਾਵ ਉਹ ਗ਼ਲਤੀ ਨਹੀਂ ਕਰਦਾ। ਹਰ ਧਾਰਮਿਕ ਮਾਮਲੇ ਵਿਚ ਸਾਨੂੰ ਅਖ਼ਤਿਆਰ ਦੇ ਆਖ਼ਰੀ ਸੁਰ ਦੇ ਤੌਰ 'ਤੇ ਉਸ ਵੱਲ ਤੱਕਣਾ ਚਾਹੀਦਾ ਹੈ। ਇਸ ਲਈ ਅਸੀਂ ਕਲੀਸੀਆ, ਆਪਣੇ ਅੰਤਹਕਰਨ, ਮੂਸਾ ਜਾਂ ਰਵਾਇਤ ਤੋਂ ਸੁਝਾਅ ਨਹੀਂ ਲੈ ਸਕਦੇ ।

ਮੈਂ ਕਿਸੇ ਦਾ ਇਕ ਲੰਮਾ ਲੇਖ ਪੜ੍ਹਿਆ ਸੀ ਜਿਸ ਵਿਚ ਉਹਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਕਲੀਸੀਆ ਦਾ ਸਿਰ ਪਤਰਸ ਹੈ। ਇਹ ਸਾਬਤ ਕਰਨ ਲਈ ਕਿ ਪਤਰਸ ਅਤੇ ਉਹਦੇ ਪੈਰੋਕਾਰ ਕਲੀਸੀਆ ਦਾ ਸਿਰ ਸਨ, ਉਹ ਬੜੀ ਗਹਿਰਾਈ ਵਿਚ ਚਲਾ ਗਿਆ। ਅਸੀਂ ਇਸ ਤੋਂ ਇਨਕਾਰ ਨਹੀਂ ਕਰਦੇ ਕਿ ਕਲੀਸੀਆ ਲਈ ਸਿਰ ਜ਼ਰੂਰੀ ਹੈ ਅਤੇ ਨਾ ਹੀ ਇਹ ਕਿ ਇਹਦਾ ਇੱਕ ਸਿਰ ਹੈ। ਪਰ ਅਸੀਂ ਮਸੀਹ ਦੀ ਕਲੀਸੀਆ ਦਾ ਸਿਰ ਕਿਸੇ ਹੋਰ ਨੂੰ ਹੋਣ ਦਾ ਜ਼ੋਰ ਦੇ ਕੇ ਇਨਕਾਰ ਕਰਦੇ ਹਾਂ। ਸਿਰਫ਼ ਮਸੀਹ ਹੀ ਇਹਦਾ ਸਿਰ ਹੈ। ਉਹਨੇ ਆਪਣੀ ਪ੍ਰੇਰਣਾ ਦਿੱਤੇ ਹੋਏ ਰਾਜਦੂਤਾਂ ਦੇ ਰਾਹੀਂ ਗੱਲ ਕੀਤੀ ਹੈ (2 ਕੁਰਿੰਥੀਆਂ 5:20) ਅਤੇ ਉਨ੍ਹਾਂ ਦਾ ਕੋਈ ਵਾਰਸ ਨਹੀਂ ਹੋਇਆ।

ਇਹ ਜਾਣਦਿਆਂ ਕਿ ਕਲੀਸੀਆ ਦਾ ਸਿਰ ਮਸੀਹ ਹੈ। ਹਰ ਬੰਦੇ ਦੇ ਦਿਮਾਗ 'ਚ ਕਲੀਸੀਆ ਦੀ ਅਹਿਮੀਅਤ ਹੋਣੀ ਬਹੁਤ ਜ਼ਰੂਰੀ ਹੈ। ਅਜਿਹਾ ਸੰਸਥਾਨ ਜਿਹਦਾ ਸਿਰ ਮਸੀਹ ਹੋਵੇ, ਨਿਗੂਣਾ ਨਹੀਂ ਹੋ ਸਕਦਾ। ਇਸ ਹਕੀਕਤ ਤੋਂ ਕਿ ਉਹ ਇਹਦਾ ਸਿਰ ਹੈ, ਕਲੀਸੀਆ ਦੀ ਅਹਿਮੀਅਤ ਦਾ ਪਤਾ ਲਗਤਾ ਹੈ। ਉਸ ਦੇਹ ਦਾ ਅੰਗ ਬਣਨਾ ਕਿੰਨੇ ਫ਼ਖ਼ਰ ਦੀ ਗੱਲ ਹੈ ਜਿਹਦਾ ਸਿਰ ਮਸੀਹ ਹੈ।

ਭਾਵਨਾਵਾਂ ਅਤੇ ਬੋਧ ਸਿਰ 'ਚੋਂ ਹੀ ਨਿਕਲਦੀਆਂ ਹਨ। ਜੋ ਕੁਝ ਵੀ ਸਰੀਰ ਵਿਚ ਕੀਤਾ ਜਾਂਦਾ ਹੈ ਉਹ ਉੱਥੇ ਭਾਵ ਸਿਰ 'ਚ ਮਹਿਸੂਸ ਕੀਤਾ ਜਾਂਦਾ ਹੈ। ਕਲੀਸੀਆ ਨੂੰ ਸਨਮਾਨ ਦੇ ਕੇ ਅਸੀਂ ਇਸ ਦੇ ਸਿਰ ਨੂੰ ਸਨਮਾਨ ਦਿੰਦੇ ਹਾਂ ਅਤੇ ਕਲੀਸੀਆ ਦਾ ਨਿਰਾਦਰ ਕਰਕੇ ਸਿਰ ਦਾ ਨਿਰਾਦਰ ਕਰਦੇ ਹਾਂ। ਨਿਆਂ ਦਾ ਦ੍ਰਿਸ਼, ਮੱਤੀ 25 ਅਧਿਆਇ ਦੀ ਇਸ ਗੱਲ ਦੇ ਪਹਿਲੇ ਹਿੱਸੇ ਨੂੰ ਸਾਬਤ ਕਰਦਾ ਹੈ। ਧਰਤੀ 'ਤੇ ਮਸੀਹ ਦੇ ਭਾਈਆਂ ਦੀ ਸੇਵਾ ਦਾ ਮਤਲਬ ਉਹਦੀ ਸੇਵਾ ਕਰਨਾ ਹੀ ਹੈ। ਰਸੂਲਾਂ ਦੇ ਕੰਮ 9:4 ਵਿਚ ਸੌਲੁਸ ਨਾਲ ਯਿਸੂ ਦੀ ਗੱਲਬਾਤ ਪਿਛਲੇ ਭਾਗ ਨੂੰ ਸਾਬਤ ਕਰਦੀ ਹੈ ਕਿ ਕਲੀਸੀਆ ਨੂੰ ਸਤਾਉਣ ਦਾ ਮਤਲਬ ਮਸੀਹ ਨੂੰ ਸਤਾਉਣਾ ਹੈ। ਸਾਨੂੰ ਖ਼ਬਰਦਾਰ ਰਹਿਣ ਦੀ ਲੋੜ ਹੈ ਕਿ ਕਲੀਸੀਆ ਦੀ ਗੱਲ ਕਿਵੇਂ ਕਰਦੇ ਹਾਂ ਅਤੇ ਇਸ ਨਾਲ ਕਿਹੋ ਜਿਹਾ ਸਲੂਕ ਕਰਦੇ ਹਾਂ।

## ਮਸੀਹੀ ਲੋਕਾਂ ਨਾਲ ਮਸੀਹ ਦਾ ਰਿਸ਼ਤਾ

ਕਲੀਸੀਆ ਨੂੰ ਛੱਡ ਕੇ ਸ਼ਾਇਦ ਹੋਰ ਕਿਸੇ ਵੀ ਵਿਸ਼ੇ ਵਿਚ ਐਨੀ ਗ਼ਲਤਫ਼ਹਿਮੀ ਨਹੀ ਪਾਈ ਜਾਂਦੀ। ਕਲੀਸੀਆ ਬਾਰੇ ਜ਼ਿਆਦਾਤਰ ਗ਼ਲਤ ਵਿਚਾਰ ਇਸ ਨੂੰ ਨਾ ਸਮਝਣ ਕਰਕੇ ਹੀ ਉਪਜਦੇ ਹਨ ਕਿ ਕਲੀਸੀਆ ਕੀ ਹੈ।

ਆਓ ਕਲੀਸੀਆ ਦੀ ਪਰਿਭਾਸ਼ਾ ਪਤਾ ਲਾਉਂਦੇ ਹਾਂ। ਇਹ ਮਸੀਹ ਦੀ ਦੇਹ ਹੈ (ਅਫ਼ਸੀਆਂ 1:22, 23)। ਯਕੀਨਨ ਹੀ, ਇਹ ਲੋਕਾਂ ਦੀ ਇਕ ਦੇਹ ਹੈ, ਪਰ ਕਿਨ੍ਹਾਂ ਲੋਕਾਂ ਦੀ? ਬਚਾਏ ਹੋਇਆਂ (ਰਸੂਲਾਂ ਦੇ ਕੰਮ 2:47) ਭਾਵ ਨਵੇਂ ਨੇਮ ਦੇ ਮਸੀਹੀਆਂ ਦੀ। ਇਸ ਤਰ੍ਹਾਂ ਕਲੀਸੀਆ ਬਚਾਏ ਹੋਏ ਲੋਕਾਂ ਦੀ ਦੇਹ ਹੈ ਜਿਸ 'ਤੇ ਮਸੀਹ ਰਾਜ ਕਰਦਾ ਹੈ। ਕਲੀਸੀਆ ਦੀ ਪਰਿਭਾਸ਼ਾ

ਹੀ ਇਹਦੀ ਅਹਿਮੀਅਤ 'ਤੇ ਰੌਸ਼ਨੀ ਪਾਉਂਦੀ ਹੈ।

ਕਈ ਲੋਕ ਇਹ ਨਹੀਂ ਮੰਨਦੇ ਕਿ ਕਲੀਸੀਆ ਬਚਾਉਂਦੀ ਹੈ। ਉਹ ਸਹੀ ਹਨ। ਕਿਉਂਕਿ ਮੁਕਤੀਦਾਤਾ ਉਹ ਨਹੀਂ ਹੈ; ਮੁਕਤੀਦਾਤਾ ਤਾਂ ਮਸੀਹ ਹੈ ਅਤੇ ਸਿਰਫ਼ ਉਹੀ ਬਚਾ ਸਕਦਾ ਹੈ। ਉਹ ਬਚਾਉਂਦਾ ਕਿਸ ਨੂੰ ਹੈ? ਦੇਹ ਨੂੰ (ਅਫ਼ਸੀਆਂ 5:23)।

ਕਲੀਸੀਆ ਦੀ ਅਹਿਮੀਅਤ ਅਤੇ ਇਸ ਦੇ ਮੈਂਬਰ ਬਣਨ ਬਾਰੇ ਵਿਚ ਵੀ ਗ਼ਲਤਫ਼ਹਿਮੀ ਪਾਈ ਜਾਂਦੀ ਹੈ। ਕਲੀਸੀਆ ਦੀ ਲੋੜ ਨੂੰ ਪੌਲੁਸ ਦੀ ਗੱਲ ਵਿਚ ਵੇਖਿਆ ਜਾ ਸਕਦਾ ਹੈ ਕਿ ਦੇਹ ਵਿਚ ਹੀ ਮੇਲ ਹੁੰਦਾ ਹੈ (ਅਫ਼ਸੀਆਂ 2:16)। ਇਹਦਾ ਮਤਲਬ ਇਹ ਹੋਇਆ ਕਿ ਕਲੀਸੀਆ ਦੇ ਬਾਹਰ ਸਾਡਾ ਮੇਲ ਖ਼ੁਦਾ ਨਾਲ ਨਹੀਂ ਹੁੰਦਾ।

ਦੇਹ ਦੇ ਬਾਹਰ ਜੀਵਨ ਨਹੀਂ ਹੈ। ਸਿਰ ਨਾਲ ਜੁੜੇ ਰਹਿਣ ਲਈ, ਦੇਹ ਨਾਲ ਜੁੜੇ ਰਹਿਣਾ ਜ਼ਰੂਰੀ ਹੈ। ਦੇਹ ਦੇ ਬਾਹਰ ਰਹਿ ਕੇ ਅਸੀਂ ਸਿਰ ਨਾਲ ਜੁੜੇ ਨਹੀਂ ਰਹਿ ਸਕਦੇ। ਹਾਂ, ਰੂਹਾਨੀ ਜ਼ਿੰਦਗੀ ਪਾਉਣ ਲਈ ਕਲੀਸੀਆ ਵਿਚ ਹੋਣਾ ਜ਼ਰੂਰੀ ਹੈ। ਇਹ ਸਿੱਖਿਆ ਗ਼ਲਤ ਹੈ ਕਿ ਬਚਾਏ ਜਾਣ ਲਈ ਕਲੀਸੀਆ ਵਿਚ ਹੋਣ ਦੀ ਕੋਈ ਲੋੜ ਨਹੀਂ ਹੈ।

## ਮਸੀਹੀ ਲੋਕਾਂ ਦੇ ਆਪਸ 'ਚ ਸਬੰਧ

ਅਫ਼ਸੀਆਂ 4:16 ਵਿਚ ਕਲੀਸੀਆ ਨੂੰ ਮਨੁੱਖੀ ਦੇਹ ਦੇ ਰੂਪ ਵਿਚ ਵਿਖਾਇਆ ਗਿਆ ਹੈ ਜਿਹਦੇ ਬਹੁਤ ਸਾਰੇ ਅੰਗ ਹਨ। ਇਸ ਰੂਪਕ ਵਿਚ ਵਿਖਾਇਆ ਗਿਆ ਹੈ ਕਿ ਹਰ ਅੰਗ ਦੀ ਅਹਿਮੀਅਤ ਹੈ ਅਤੇ ਉਹਦੇ ਲਈ ਕੁਝ ਕੰਮ ਕਰਨਾ ਜ਼ਰੂਰੀ ਹੈ। ਜਿਵੇਂ ਮਨੁੱਖੀ ਦੇਹ ਦੇ ਬਹੁਤ ਸਾਰੇ ਅੰਗ ਹੁੰਦੇ ਹਨ, ਹਰ ਅੰਗ ਦਾ ਆਪਣਾ ਕੰਮ ਹੁੰਦਾ ਹੈ ਅਤੇ ਸਭ ਮਿਲ ਕੇ ਦੇਹ ਲਈ ਕੰਮ ਕਰਦੇ ਹਨ, ਓਸੇ ਤਰ੍ਹਾਂ ਸਾਨੂੰ ਜੋ ਮਸੀਹ ਦੀ ਦੇਹ ਨਾਲ ਜੁੜੇ ਹਾਂ ਵੱਖੋ-ਵੱਖ ਕੰਮ ਦਿੱਤੇ ਗਏ ਹਨ, ਪਰ ਹਾਂ ਅਸੀਂ ਓਸੇ ਦੇਹ ਦੇ ਅੰਗ (1 ਕੁਰਿੰਥੀਆਂ 12:25, 26)। ਹਰ ਅੰਗ ਲਈ ਉੱਥੇ ਹੀ ਹੋਣਾ ਜ਼ਰੂਰੀ ਹੈ ਜਿੱਥੇ ਉਹ ਹੈ ਅਤੇ ਹਰ ਅੰਗ ਪੂਰੀ ਦੇਹ ਲਈ ਫ਼ਾਇਦੇਮੰਦ ਹੈ। ਹਰ ਕਿਸੇ ਨੂੰ ਦੂਜੇ ਦੀ ਲੋੜ ਹੈ, ਇਸ ਲਈ ਹਰ ਕਿਸੇ ਨੂੰ ਨਾ ਤਾਂ ਆਪਣੇ ਆਪ ਨੂੰ ਵੱਡਾ ਵਿਖਾ ਕੇ ਅਤੇ ਨਾ ਦੂਜਿਆਂ ਨੂੰ ਤੁੱਛ ਜਾਣ ਕੇ ਸਗੋਂ ਆਪਣਾ ਹੀ ਕੰਮ ਪੂਰਾ ਕਰਨਾ ਚਾਹੀਦਾ ਹੈ।

ਦੇਹ ਦੇ ਅੰਗਾਂ ਨੂੰ ਇਕ ਦੂਜੇ ਦੀ ਹਮਦਰਦੀ ਨਾਲ ਸੰਭਾਲ ਕਰਨੀ ਚਾਹੀਦੀ ਹੈ। ਜਦ ਇਕ ਨੂੰ ਦੁੱਖ ਹੁੰਦਾ ਹੈ ਤਾਂ ਸਭ ਅੰਗ ਦੁਖੀ ਹੁੰਦੇ ਹਨ। ਜਦ ਦੇਹ ਦੇ ਇਕ ਅੰਗ ਨੂੰ ਕੋਈ ਤਕਲੀਫ਼ ਹੁੰਦੀ ਹੈ ਤਾਂ ਸਾਰੀ ਦੇਹ ਹੀ ਪਰੇਸ਼ਾਨ ਹੁੰਦੀ ਹੈ। ਇਹਨੂੰ ਤੰਦਰੁਸਤ ਰੱਖਣ ਲਈ ਦੂਜੇ ਅੰਗਾਂ ਦੀ ਤੰਦਰੁਸਤੀ ਜ਼ਰੂਰੀ ਹੁੰਦੀ ਹੈ। ਜਦ ਇਕ ਭਰਾ ਭਟਕ ਜਾਵੇ ਤਾਂ ਅਸੀਂ ਉਸ ਬਾਰੇ ਲਾਪਰਵਾਹ ਨਹੀਂ ਹੋ ਸਕਦੇ। ਸਾਨੂੰ ਉਹਦੇ ਬਾਰੇ ਇਵੇਂ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਲੱਗੇ ਕਿ ਉਹਦਾ ਸਾਡੇ ਨਾਲ ਕੋਈ ਰਿਸ਼ਤਾ ਨਹੀਂ ਹੈ। ਪੂਰੀ ਕਲੀਸੀਆ ਦੀ ਸੰਭਾਲ, ਸੁਝਾਅ ਅਤੇ ਦੁਆਵਾਂ ਉਸ ਭਟਕੇ ਮੈਂਬਰ 'ਤੇ ਲੱਗੀਆਂ ਰਹਿਣ। ਕਿਸੇ ਮੈਂਬਰ 'ਤੇ ਦੁੱਖ ਆ ਜਾਵੇ ਤੇ ਉਸ ਦੁਖੀ ਮੈਂਬਰ ਲਈ ਦੂਜੇ ਮੈਂਬਰਾਂ ਦੀ ਹਮਦਰਦੀ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ, ਜਦ ਇਕ ਵਿਸ਼ਵਾਸੀ ਅਨੰਦ ਕਰਦਾ ਹੈ ਤਾਂ ਸਾਨੂੰ ਸਭ ਨੂੰ ਅਨੰਦਿਤ ਹੋਣਾ ਚਾਹੀਦਾ ਹੈ। ਇਹ ਕਿਸੇ ਵੀ ਤਰ੍ਹਾਂ ਦੇ ਸਾੜੇ ਨੂੰ ਨਾਮੁਮਕਿਨ ਕਰ ਦਿੰਦਾ ਹੈ। ਦੇਹ ਦੇ ਕਿਸੇ ਦੂਜੇ ਅੰਗ ਦੇ ਚੰਗੇ ਭਵਿੱਖ ਜਾਂ ਕਾਮਯਾਬੀ 'ਤੇ ਕੋਈ ਨਰਾਜ਼ਗੀ ਨਹੀਂ ਹੋਣੀ ਚਾਹੀਦੀ। ਭਲਾ ਅਸੀਂ ਰੂਹਾਂ ਦੀ ਨੇੜਤਾ, ਇੱਕੋ ਤਰ੍ਹਾਂ ਦੀ ਦਿਲਚਸਪੀ, ਪ੍ਰੇਮ ਅਤੇ ਮਨ ਦੀ ਏਕਤਾ ਨੂੰ ਮਾਣਦੇ ਹਾਂ ਜਿਸ ਤੋਂ ਲੱਗੇ ਕਿ ਅਸੀਂ ਇੱਕੋ ਦੇਹ ਦੇ ਅੰਗ ਹਾਂ?

## ਸਾਰ

ਮਸੀਹ ਦੇ ਆਪਣੀ ਕਲੀਸੀਆ ਅਤੇ ਇਸ ਦੇ ਲੋਕਾਂ ਨਾਲ ਜੁੜੇ ਤਿੰਨ ਸਬਕ ਸਾਹਮਣੇ ਆਉਂਦੇ ਹਨ। ਜੇ ਅਸੀਂ ਮਸੀਹ ਦੀ ਦੇਹ ਭਾਵ ਕਲੀਸੀਆ ਵਿਚ ਹਾਂ ਤਾਂ ਉਹ ਸਾਡਾ ਸਿਰ ਅਤੇ ਸਾਡੀ ਜ਼ਿੰਦਗੀ ਦਾ ਪ੍ਰਭੂ ਹੈ। ਉਸ ਵਿਚ ਇਕ ਹੋਣ ਲਈ ਸਾਨੂੰ ਉਹਦੀ ਦੇਹ ਵਿਚ ਹੋਣਾ ਜ਼ਰੂਰੀ ਹੈ, ਅਤੇ ਉਸ ਦੇਹ ਦੇ ਅੰਗਾਂ ਵਿਚ ਏਕਤਾ ਅਤੇ ਸਹਿਯੋਗ ਹੋਣਾ ਜ਼ਰੂਰੀ ਹੈ। ਮਸੀਹ ਸਾਡੇ ਉੱਤੇ ਹੈ! ਅਸੀਂ ਮਸੀਹ ਵਿਚ ਹਾਂ! ਅਸੀਂ ਇਕ ਦੂਜੇ ਦੇ ਅੰਗ ਹਾਂ! ਇਹ ਗੱਲਾਂ ਉਨ੍ਹਾਂ ਲਈ ਹਨ ਜੋ ਸਚਮੁਚ ਮਸੀਹ ਦੀ ਦੇਹ ਵਿਚ ਹਨ।

## ਦੂਜਿਆਂ ਨੂੰ ਪ੍ਰਭਾਵਿਤ ਕਿਵੇਂ ਕਰੀਏ

ਅਸੀਂ ਅਕਸਰ ਅਨਜਾਣਪੁਣੇ ਵਿਚ ਦੂਜਿਆਂ ਨੂੰ ਪ੍ਰਭਾਵਿਤ ਕਰਦੇ ਹਾਂ। ਕਈ ਵਾਰ ਮੈਂ ਵੇਖਿਆ ਹੈ ਕਿ ਇਕ ਆਦਮੀ ਦੇ ਪ੍ਰਭੂ ਦੇ ਸੱਦੇ ਨੂੰ ਕਬੂਲ ਕੀਤੇ ਜਾਣ ਨਾਲ ਦੂਜੇ ਨੂੰ ਮੰਨਣ ਲਈ ਹੱਲਾਸ਼ੇਰੀ ਮਿਲਦੀ ਹੈ। ਹੋ ਸਕਦਾ ਹੈ ਕਿ ਪਹਿਲੇ ਨੂੰ ਪਤਾ ਨਾ ਲੱਗੇ ਕਿ ਉਹਨੇ ਕਿਸੇ ਹੋਰ ਨੂੰ ਮਸੀਹੀ ਬਣਨ ਵਿਚ ਮਦਦ ਕੀਤੀ ਹੈ। ਕਿਨ੍ਹਾਂ ਤਰੀਕਿਆਂ ਨਾਲ ਅਸੀਂ ਦੂਜਿਆਂ ਨੂੰ ਪ੍ਰਭਾਵਿਤ ਕਰਦੇ ਹਾਂ ?

***ਆਪਣੇ ਬੋਲਚਾਲ ਰਾਹੀਂ।*** (ਪੜ੍ਹੋ1 ਤਿਮੋਥਿਉਸ 4:12; ਅਫ਼ਸੀਆਂ 4:29; ਕੁਲੁੱਸੀਆਂ 4:6.) ਤੁਸੀਂ ਗੱਲਬਾਤ ਕਿਵੇ ਕਰਦੇ ਹੋ? ਲਾਪਰਵਾਹੀ ਨਾਲ ਕੀਤੀ ਤੁਹਾਡੀ ਗੱਲਬਾਤ ਨਾਲ ਰੂਹਾਂ ਦਾ ਨਾਸ ਹੋ ਸਕਦਾ ਹੈ।

***ਰੋਜ਼ਮੱਰਾ ਦੀ ਜ਼ਿੰਦਗੀ ਵਿਚ।*** ਇਕ ਮਜ਼ਬੂਤ, ਪੱਕੇ ਮਸੀਹੀ ਦੀ ਜ਼ਿੰਦਗੀ ਨਾਲ ਦੂਜਿਆਂ ਨੂੰ ਮਸੀਹ ਵਿਚ ਆਉਣ 'ਚ ਮਦਦ ਮਿਲਦੀ ਹੈ। ਵਪਾਰੀਆਂ ਕੋਲ ਆਪਣੀ ਰੌਸ਼ਨੀ ਚਮਕਾਉਣ ਦਾ ਬੜਾ ਸੁਨਹਿਰੀ ਮੌਕਾ ਮਿਲਦਾ ਹੈ। ਮਸੀਹੀ ਔਰਤਾਂ ਆਪਣੇ ਵਿਸ਼ਵਾਸੀ ਜੀਵਨ ਨਾਲ ਆਪਣੇ ਪਤੀਆਂ ਨੂੰ ਜਿੱਤ ਸਕਦੀਆਂ ਹਨ (1 ਪਤਰਸ 3:1)।

***ਕਲੀਸੀਆ ਪ੍ਰਤੀ ਆਪਣੇ ਰਵੱਈਏ ਨਾਲ।*** ਜੇ ਅਸੀ ਚਾਹੁੰਦੇ ਹਾਂ ਕਿ ਲੋਕ ਕਲੀਸੀਆ ਨੂੰ ਅਹਿਮੀਅਤ ਦੇਣ ਤਾਂ ਸਾਡੇ ਲਈ ਇਹਦੀ ਅਹਿਮੀਅਤ ਉਨ੍ਹਾਂ ਨੂੰ ਵਿਖਾਉਣਾ ਜ਼ਰੂਰੀ ਹੈ।